**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.),
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਬਲਾਕ ਪ੍ਰਇਮਰੀ ਸਿੱਖਿਆ ਅਫਸਰ,
ਸਮੂਹ ਬੀ.ਐਨ.ਓ.,
ਸਮੂਹ ਸਕੂਲ ਮੁਖੀ
ਪੰਜਾਬ।

ਮੀਮੋ ਨੰਬਰ: AO(w)/SSE/2021/2021289651 ਮਿਤੀ: 26.08.2021

**ਵਿਸ਼ਾ:- ਨੈਸ਼ਨਲ ਅਚੀਵਮੈਂਟ ਸਰਵੇ (NAS)-2021 ਦੀ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਅਤੇ ਵਿਭਾਗ ਦੇ ਪੱਤਰ ਨੰਬਰ SCERT/Sci/2021278387 ਮਿਤੀ 16/08/2021 ਦੀ ਲਗਾਤਾਰਤਾ ਵਿੱਚ।

2.0 ਆਪ ਜੀ ਨੂੰ ਪਤਾ ਹੀ ਹੈ ਕਿ 12 ਨਵੰਬਰ 2021 ਨੂੰ ਭਾਰਤ ਸਰਕਾਰ ਵਲੋਂ ਸਮੁੱਚੇ ਰਾਜਾਂ ਅਤੇ ਕੇਂਦਰੀ ਸਾਸ਼ਤ ਪ੍ਰਦੇਸ਼ਾ ਅੰਦਰ ਨੈਸ਼ਨਲ ਅਚੀਵਮੈਂਟ ਸਰਵੇ ਸਬੰਧੀ ਪ੍ਰੀਖਿਆ ਕਰਵਾਈ ਜਾ ਰਹੀ ਹੈ।ਬਾਕੀ ਪ੍ਰੀਖਿਆਵਾਂ ਦੀ ਤਰ੍ਹਾਂ ਇਸ ਪ੍ਰੀਖਿਆ ਵਿੱਚ ਵੀ ਪੰਜਾਬ ਦੇ ਵਿਦਿਆਰਥੀ ਉੱਤਮ ਕਾਰਗੁਜਾਰੀ ਦਿਖਾ ਸਕਣ, ਦੇ ਸਬੰਧ ਵਿੱਚ ਵੱਖ-ਵੱਖ ਜ਼ਿਲ੍ਹਾ ਸਿੱਖਿਆ ਅਫਸਰਾਂ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ, ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਮਹੱਤਵਪੂਰਨ ਸੁਝਾਅ ਪ੍ਰਾਪਤ ਹੋਏ ਹਨ।ਮੁੱਖ ਦਫ਼ਤਰ ਵੱਲੋਂ ਇਹਨਾਂ ਸੁਝਾਵਾਂ ਨੂੰ ਘੋਖਣ ਤੋਂ ਬਾਅਦ ਇਹਨਾਂ ਨੂੰ ਹਦਾਇਤ ਦੇ ਰੂਪ ਵਿੱਚ ਹੇਠ ਲਿਖੇ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

2.1 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਪ੍ਰੀਖਿਆ ਵਿੱਚ ਕੋਈ ਨੈਗਟਿਵ ਮਾਰਕਿੰਗ ਨਹੀ ਹੋਵੇਗੀ। ਇਸ ਲਈ ਵਿਦਿਆਰਥੀਆਂ ਨੂੰ ਸਾਰੇ ਪ੍ਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।

2.2 ਵਿਦਿਆਰਥੀਆਂ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਔਖੇ ਪ੍ਰਸ਼ਨਾਂ ਤੇ ਜਿਆਦਾ ਸਮਾਂ ਨਾ ਦਿੱਤਾ ਜਾਵੇ ਕਿਉਂਕਿ ਹੋਣ ਵਾਲੀ ਇਸ ਪ੍ਰੀਖਿਆਂ ਵਿੱਚ ਹਰ ਜਮਾਤ ਲਈ ਸਮਾਂ-ਸੀਮਾ ਨਿਰਧਾਰਤ ਕੀਤੀ ਹੋਈ ਹੈ।

2.3 ਬੀ.ਐਨ.ਓ. ਵੱਲੋਂ ਅੱਠਵੀਂ ਅਤੇ ਦਸਵੀਂ ਜਮਾਤ ਦੇ ਇੰਚਾਰਜ/ਅਧਿਆਪਕਾ ਦੇ ਵਟਸਐਪ ਗੱਰੁਪ ਬਣਾ ਲਏ ਜਾਣ।ਅਧਿਆਪਕਾਂ ਨੂੰ ਇਨ੍ਹਾਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਜੇਕਰ ਅਧਿਆਪਕਾਂ ਨੂੰ ਕੋਈ ਸਮੱਸਿਆ ਹੋਵੇ ਤਾਂ ਉਸ ਦਾ ਸਾਰਥਕ ਹੱਲ ਕੱਢਿਆ ਜਾਵੇ।

2.4 NAS ਦੌਰਾਨ ਵਿਦਿਆਰਥੀਆਂ ਦੁਆਰਾ ਉੱਤਰ ਦੇਣ ਲਈ ਓ.ਐਮ.ਆਰ. (OMR) ਸ਼ੀਟ ਦੀ ਵਰਤੋਂ ਕੀਤੀ ਜਾਣੀ ਹੈ।ਇਸ ਲਈ ਵਿਦਿਆਰਥੀਆਂ ਨੂੰ ਓ.ਐਮ.ਆਰ.(OMR) ਸ਼ੀਟਾਂ ਦਾ ਵੱਧ ਤੋਂ ਵੱਧ ਅਭਿਆਸ ਕਰਵਾਇਆ ਜਾਵੇ।

2.5 ਵਿਦਿਆਰਥੀਆਂ ਨੂੰ 2017 ਦੇ ਪ੍ਰਸ਼ਨ-ਪੱਤਰਾਂ ਦੀ ਤਰਜ਼ ਤੇ ਪ੍ਰਸ਼ਨ ਲਿਖਵਾ ਕੇ ਟੈਸਟ ਕੀਤਾ ਜਾਵੇ। ਹਰੇਕ ਮਹੀਨੇ ਵਿਦਿਆਰਥੀਆਂ ਦਾ ਆਫਲਾਇਨ Mock Test ਵੀ ਕਰਵਾਇਆ ਜਾ ਰਿਹਾ ਹੈ।

2.6 ਇਸ ਪ੍ਰੀਖਿਆ ਸਬੰਧੀ ਮੁੱਖ ਹਦਾਇਤਾਂ ਫਲੈਕਸ ਆਦਿ ਤੇ ਲਿਖਵਾਕੇ ਸਕੂਲ ਵਿੱਚ ਵੀ ਲਗਾਈਆ ਜਾ ਸਕਦੀਆਂ ਹਨ।

2.7 ਮੁੱਖ ਦਫ਼ਤਰ ਵੱਲੋਂ ਭੇਜੀ ਗਈ ਵਿਸ਼ਾਵਾਰ ਸਿਲੇਬਸ ਵੰਡ ਅਤੇ ਸਮੇਂ-ਸਮੇਂ ਤੇ ਭੇਜੀਆਂ ਗਈਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇ।

ਸਕੱਤਰ ਸਕੂਲ ਸਿੱਖਿਆ